# ਭਗਉਤੀ ਸਬੰਧੀ ਮਹਾਂ ਅਗਿਆਨ ਭਰਿਆ ਭੁਲੇਖਾ

ਅੱਜ ਸਾਡੀਆਂ ਨਜ਼ਰਾਂ ਵਿਚ ਦੀ 'ਨਿਰਭੈ ਖਾਲਸਾ' ਦੇ ਐਡੀਟਰ ਮਾ: ਨਿਰੰਜਨ ਸਿੰਘ ਦਾ ਪਦ 'ਭਗਉਤੀ' ਦੇ ਗੁਮਰਾਹਕੁਨ ਭਾਵ-ਅਰਥਾਂ ਦਾ ਇੱਕ ਲੇਖ ਗੁਜ਼ਰਿਆ, ਜਿਸ ਨੂੰ ਪੜ੍ਹ ਕੇ ਲੇਖਕ ਦੀ ਅਗਿਆਨ ਬਿਰਤੀ ਤੇ ਬੜਾ ਹੀ ਤਰਸ ਆਇਆ। ਬਹੁਤਾ ਤਰਸ ਉਨ੍ਹਾਂ ਦੇ ਸਿੱਧੇ ਲੋਕਾਂ ਤੇ ਆਇਆ ਹੈ ਜਿਨ੍ਹਾਂ ਉਪਰ ਇਸ ਲੇਖ ਨੂੰ ਪੜ੍ਹ ਕੁ ਗੁਮਰਾਹੀ ਭਰਿਆ ਅਸਰ ਅਵੱਸ਼ ਹੋਇਆ ਹੋਵੇਗਾ। ਇਹ ਪੰਚ-ਖੰਡੀਆ ਅਗਿਆਨੀ ਮਾਸਟਰ ਇਕ ਪ੍ਰਕਾਰ ਸਮੂਹ ਪੰਥ ਦੇ ਮੰਨੇ ਦੰਨੇ ਅਰਦਾਸੇ ਉਪਰ ਅਟੈਕ ਕਰਦਾ ਹੈ; ਪਰ ਇਸ ਨੂੰ ਪਤਾ ਨਹੀਂ ਕਿ ਖਾਲਸਈ ਸਪਿਰਿਟ ਅਤੇ ਸੀਰਤ ਮੁੱਢੋਂ ਹੀ ਬੀਰਤਾ ਭਰੇ ਵਸਵਸੇ ਅਤੇ ਵਲਵਲੇ ਵਾਲੀ ਰਹੀ ਹੈ। ਇਸ ਨੂੰ ਸ੍ਰੀ ਦਸਮੇਸ਼ ਜੀ ਨੇ ਇਸ ਸ੍ਰੀ ਮੁਖਵਾਕ ਦੀ ਇਸ ਪਹਿਲੀ ਤੁਕ ਵਿਖੇ ਹੀ ਦਰਸਾ ਅਤੇ ਦ੍ਰਿਸ਼ਟਾ ਦਿਤਾ ਹੋਇਆ ਹੈ। ਯਥਾ :-

**ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ॥**

(ਕ੍ਰਿਸ਼ਨਾ ਅਵਤਾਰ, ਅੰਕ ੨੪੯੨)

ਇਸ ਯੁੱਧ ਮਈ ਬੀਰਤਾ ਭਰੀ ਖਾਲਸਈ ਸਪਿਰਿਟ ਨੂੰ ਗੁਰੂ ਘਰ ਵਿਖੇ ਮੁੱਢ ਤੋਂ ਹੀ ਅਪਣਾਇਆ ਗਿਆ ਹੈ। ਭਾਵ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਭ ਗੁਰੂ ਪਾਤਸ਼ਾਹੀਆਂ ਨੇ ਪ੍ਰੋੜ੍ਹਤਾ ਕੀਤੀ ਹੈ। ਨਾਮ ਦਾ ਖੰਡਾ ਖੜਕਾ ਕੇ ਪਹਿਲੇ ਪਹਿਲ ਅਸੀਂ ਮਨ ਨਾਲ ਯੁੱਧ ਕਰਨਾ ਹੈ ਅਤੇ ਆਪਣੇ ਚਿਤ ਵਿਖੇ ਮਨ ਨੂੰ ਪ੍ਰਬੋਧਣ ਅਤੇ ਸੋਧਣ ਦੀ ਚੜ੍ਹਦੀ ਕਲਾ ਵਾਲੀ ਬਿਰਤੀ ਸਦਾ ਹੀ ਧਾਰੀ ਰੱਖਣੀ ਹੈ। ਇਹ ਨਾਮ ਰੂਪੀ ਖੰਡਾ ਹੀ ਸੱਚੀ ਭਗਉਤੀ ਹੈ। ਨਾਮ ਦਾ ਸਿਮਰਨ ਹੀ ਭਗਉਤੀ ਦਾ ਸਿਮਰਨ ਹੈ। ਗੁਰਮਤਿ ਨਾਮ ਇੱਕ ਅਜਿਹੀ ਅਕਲ ਕਲਾ ਮਈ ਸ਼ਕਤੀ ਹੈ ਜਿਸ ਨੂੰ ਕਿ ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਵਿਖੇ ਇਸ ਬਿਧਿ ਵਿਦਤਾਇਆ ਹੈ। ਯਥਾ :-

**ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥**
**ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥**
**ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥**
**ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥**
**ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥੫॥**

(ਗਉੜੀ ਸੁਖਮਨੀ ਮ: ੫, ਅੰਗ ੨੮੪)

ਜ਼ਰਾ ਗਹੁ ਕਰਕੇ ਦੇਖੋ ਕਿ ਇਸ ਗੁਰਵਾਕ ਵਿਖੇ ਨਾਮ ਅਭਿਆਸ ਰੂਪੀ ਖੰਡੇ ਦੀ ਕੈਸੀ ਆਕ੍ਰਖਣ ਸ਼ਕਤੀ ਦਰਸਾਈ ਗਈ ਹੈ। ਇਸ ਖੜਗੇਸ਼ੀ ਨਾਮ ਦੀ ਕਲਾ ਵਿਚ ਵਰਤਣ ਵਾਲੇ ਅਤੇ ਚੌਥੇ ਪਦ ਵਿਚ ਖੇਡਣ ਵਾਲੇ ਗੁਰਮਖਿ ਜਨ ਹੀ ਇਸ ਬੁਝਾਰਤ ਨੂੰ ਬੁਝ ਸਕਦੇ ਹਨ। ਸ਼ੁਸ਼ਕ ਬਿਰਤੀ ਵਾਲੇ ਅਲਪੱਗ ਅਗਿਆਨੀਆਂ ਨੂੰ ਇਸ ਪਦ ਦੇ ਬੱਧ ਦਾ ਕੀ ਪਤਾ ਲਗ ਸਕਦਾ ਹੈ! ਬੜੇ-ਬੜੇ ਸਾਇੰਸਦਾਨ ਇਥੇ ਮਾਤਾ ਹਨ। ਉਹ ਆਪੋ ਆਪਣੀ ਅਲਪੱਗ ਬੁੱਧੀ ਦੁਆਰਾ ਕੇਵਲ ਇਤਨਾ ਹੀ ਅਨੁਮਾਨ ਲਾ ਸਕਦੇ ਹਨ ਕਿ ਇਹ ਜੋ ਆਗਾਸ ਪਾਤਾਲ ਅਤੇ ਤਾਰਾ-ਗਣ ਮਈ ਪੁਰੀਆਂ ਜੋ ਸਾਨੂੰ ਨਜ਼ਰ ਆਉਂਦੀਆਂ ਹਨ, ਇਹ ਕਿਸੇ ਅਗੰਮੀ ਆਕ੍ਰਖਣ ਕਲਾ ਦਵਾਰਾ ਹੀ ਧਾਰੀਆਂ ਖੜੋਤੀਆਂ ਹਨ। ਪਰੰਤੂ ਇਹ ਕੇਵਲ ਗੁਰਮਤਿ ਪ੍ਰਬੋਧਨੀ ਹੀ ਸਰਬੱਗਤਾ ਹੈ ਕਿ ਜਿਸ ਦਵਾਰਾ ਸਪੱਸ਼ਟ ਸਿੱਧ ਹੋ ਜਾਂਦਾ ਹੈ ਕਿ ਨਾਮ ਰੂਪੀ ਕਲਾ ਦੇ ਤੁਫ਼ੈਲ ਹੀ ਇਹ ਸਾਰਾ ਆਕਾਰ ਬੰਨ੍ਹਿਆ ਖੜਾ ਹੈ ਤੇ ਅਸਮਾਨ ਵਿਚ ਦਿਸਣਹਾਰੇ ਸੂਰਜ, ਚੰਦ, ਤਾਰੇ ਏਸੇ ਹੀ ਨਾਮ-ਕਲਾ ਦੇ ਧਾਰੇ ਖੜੇ ਹਨ। ਵਾਕਈ ਨਾਮੀ (ਵਾਹਿਗੁਰੂ ਅਕਾਲ ਪੁਰਖ) ਅਤੇ ਨਾਮ ਵਿਚ ਕੋਈ ਭੇਦ ਨਹੀਂ। ਨਾਮੀ ਅਕਾਲ ਪੁਰਖ ਦਾ ਸਰਗੁਣ ਸਰੂਪੀ ਜ਼ਹੂਰ ਜੇ ਹੋਇਆ ਤਾਂ ਕੇਵਲ ਨਾਮ ਦੀ ਜੋਤਿ-ਖੜਗੇਸ਼ੀ-ਕਲਾ ਦਵਾਰਾ ਹੀ ਹੋਇਆ। ਐਨ ਏਸੇ ਭਾਵ ਨੂੰ ਦਰਸਾਉਂਦੇ ਹੋਏ ਸ੍ਰੀ ਦਸਮੇਸ਼ ਜੀ ਨੇ ਨਿਜ ਵਾਕ ਸ੍ਰੀ ਮੁਖਵਾਕ ਦਵਾਰਾ ਕਿਆ ਖ਼ੂਬ ਮੰਡਨ ਕੀਤਾ ਹੈ। ਯਥਾ :-

**ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭੁ ਸੈਸਾਰੁ ਉਪਾਇਆ॥**
**ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲ ਰਚਾਇ ਬਣਾਇਆ॥**
**ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨਿ ਰਹਾਇਆ॥**
**ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥**
**ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ॥**
**ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਿਸਿਰਿ ਘਾਇਆ॥**
**ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀਂ ਪਕੜਿ ਗਿਰਾਇਆ॥**
**ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥**
**ਕਿਨੀ ਤੇਰਾ ਅੰਤ ਨ ਪਾਇਆ॥੨॥**

(ਚੰਡੀ ਦੀ ਵਾਰ, ਪਾ: ੧੦)

ਇਸ ਗੁਰਵਾਕ ਦੇ ਭਾਵ ਤੋਂ ਸਾਫ਼ ਸਿੱਧ ਹੋਇਆ ਕਿ ਅਕਾਲ ਪੁਰਖ ਜੀ ਨੇ ਇਸ ਸਾਰੀ ਕਾਇਨਾਤ ਦਾ ਮੂਲ ਉਪਾਵਣ ਲਈ, ਇਹ ਸਾਰੀ ਰਚਨਾ ਰਚਾਵਣ ਲਈ ਨਾਮ ਰੂਪੀ ਖੰਡੇ ਦੀ ਸਾਜਨਾ ਸਾਜੀ ਤੇ ਨਿਜ ਸਾਜਨਾ ਨਾਲੋ ਨਾਲ ਹੀ ਸਾਜੀ। ਜੈਸਾ ਕਿ ਸ੍ਰੀ ਆਸਾ ਜੀ ਦੀ ਵਾਰ ਦੇ ਇਸ ਗੁਰਵਾਕ ਦਾ ਭਾਵ ਹੈ। ਯਥਾ :-

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥

(ਆਸਾ ਦੀ ਵਾਰ, ਪਉੜੀ ੧, ਪੰਨਾ ੪੬੩)

ਸਾਫ਼ ਸਿੱਧ ਹੋਇਆ ਕਿ ਇਹ ਸਾਰਾ ਬਲ ਕਲਾ ਸ਼ਕਤੀ ਮਈ ਮੂਲ ਨਾਮ ਖੰਡੇ ਦਾ ਹੀ ਜ਼ਹੂਰ ਹੈ। ਏਸੇ ਨਾਮ ਮਈ ਖੰਡੇ ਸ਼ਕਤੀ ਮਈ ਭਗਉਤੀ ਨੂੰ ਹੀ ਗੁਰੂ ਕੇ ਸਿੱਖ ਅਤੇ ਸਿੰਘਾਂ ਨੇ ਹਰਦਮ ਸਿਮਰਨਾ ਹੈ ਅਤੇ ਸਭ ਤੋਂ ਪ੍ਰਿਥਮ ਮੁਖ ਕਰਕੇ ਏਸੇ ਖੰਡਾ-ਖੜਗੇਸ਼ੀ-ਸ਼ਕਤੀ (ਭਗਉਤੀ) ਨੂੰ ਸਨਮੁਖ ਰਖਣਾ ਹੈ।

ਸ੍ਰੀ ਦਸਮੇਸ਼ ਜੀ ਨੇ ਗੁਰਸਿੱਖਾਂ ਪ੍ਰਤੀ ਕਿਆ ਖ਼ੂਬ ਅਰਦਾਸ ਕਰਨੀ ਸਿਖਾਈ ਕਿ ਸੂਰਬੀਰਤਾ ਮਈ ਭਗਉਤੀ (ਕਲਾ) ਨੂੰ ਹੀ ਸਦਾ ਚੇਤੇ ਰੱਖੋ ਅਤੇ ਮੁਢ ਵਿਚ ਇਸੇ ਨਾਮ ਖੜਗੇਸ਼ੀ ਭਗਉਤੀ (ਕਲਾ) ਦਾ ਹੀ ਸਿਮਰਨ ਕਰੋ। ਏਸੇ ਭਗਉਤੀ-ਕਲਾ ਦਾ ਸਿਮਰਨ ਚਿਤ ਵਿਚ ਵਸਾਉਂਦੇ ਹੋਏ, ਹੇ ਖ਼ਾਲਸਾ ਜਨ! ਤੂੰ ਗੁਰੂ ਨਾਨਕ ਦਾ ਧਿਆਨ ਧਰ।

"ਲਈ ਧਿਆਇ" ਪਾਠ ਸ਼ੁਧ ਨਹੀਂ ਹੈ, "ਲਈਂ ਧਿਆਇ" ਪਾਠ ਸ਼ੁਧ ਹੈ। ਏਸੇ ਪ੍ਰਕਾਰ ਏਸ ਅਰਦਾਸ ਵਿਚ ਆਏ ਸਾਰੇ ਗੁਰੂ ਸਾਹਿਬਾਨ ਨੂੰ ਧਿਆਵਣਾ ਹੈ। ਏਸੇ ਪ੍ਰਕਾਰ ਦਸੇ ਗੁਰੂ ਪਾਤਸ਼ਾਹੀਆਂ ਨਾਮ ਸਿਮਰਨਹਾਰੇ, ਨਾਮ ਦਾ ਖੰਡਾ ਖੜਕਾਣਹਾਰੇ ਖ਼ਾਲਸਾ ਜੀ ਨੂੰ ਸਹਾਈ ਹੋਣਗੀਆਂ।

ਗੁਰੂ ਦਸਮੇਸ਼ ਪਾਤਸ਼ਾਹ ਨੇ ਅਕਾਲ ਪੁਰਖ ਨੂੰ "ਸਰਬ ਕਾਲ" ਅਤੇ "ਸਰਬ ਲੋਹ" ਦੇ ਨਾਮ ਨਾਲ ਸੰਕੇਤ ਕੀਤਾ ਹੈ ਅਤੇ "ਖੜਗ ਕੇਤ" ਦੇ ਨਾਮ ਨਾਲ ਵੀ ਸੰਕੇਤ ਕੀਤਾ ਹੈ। ਏਸੇ ਖੜਗਕੇਤੀ ਸੰਕੇਤਕ ਪਦ ਦਾ ਕਲਾਧਾਰੀ ਨਾਮ ਸ੍ਰੀ ਦਸਮੇਸ਼ ਜੀ ਨੇ 'ਭਗਉਤੀ' ਪਦ ਦੇ ਨਾਮ ਨਾਲ ਵਿਦਤਾਇਆ ਹੈ।

ਮੂੜ੍ਹ ਮਤ ਅਗਿਆਨੀਆਂ ਨੂੰ ਸ੍ਰੀ ਕਲਗੀਧਰ ਜੀ ਦੇ ਇਨ੍ਹਾਂ ਸੰਕੇਤੀ ਚੋਜਾਂ ਦੀ ਕੀ ਸਾਰ! ਉਹ ਤਾਂ ਆਪੋ ਆਪਣੀ ਅਲਪੱਗ ਅਤਿ ਅਨੁਸਾਰ (ਜੋ ਨਿਰੀ ਮਨਮਤਿ ਹੈ), 'ਭਗਉਤੀ' ਪਦ ਦੇ ਦੇਵੀ ਆਦਿਕ ਅਰਥ ਲਾ ਕੇ ਆਮ ਸਿਖ-ਸ਼੍ਰੇਣੀ ਨੂੰ ਭੁਚਲਾ ਰਹੇ ਹਨ ਅਤੇ ਆਪ ਭੀ ਤੱਤ ਗੁਰਮਤਿ ਤੋਂ ਔਝੜ ਜਾ ਰਹੇ ਹਨ। ਖੰਡਾ-ਖੜਗੇਸ਼ੀ-

ਗੁਰਮੁਖ-ਜਨਾਂ ਨੂੰ ਹੀ ਇਸ ਭਗਉਤੀ ਮਈ ਅਰਦਾਸ ਦੀ ਸਾਰ ਹੈ। ਮੂੜ੍ਹ ਮਤੀ ਅਗਿਆਨੀ ਜਨ ਕੀ ਸਾਰ ਜਾਣਨ!

ਤਾਂਤੇ ਸ੍ਰੀ ਦਸਮੇਸ਼ ਮੁਖਵਾਕ ਦਾ ਅਰਦਾਸਾ "**ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈਂ ਧਿਆਇ**" ਤੋਂ ਅਰੰਭ ਹੋ ਕੇ ਕਾਇਮ ਦਾਇਮ ਹੈ। ਇਸ ਦੀ ਕਾਂਟ ਛਾਟ ਕਰਨੀ ਮਨਮੱਤੀਆਂ ਦਾ ਹੀ ਕੰਮ ਹੈ। 'ਭਗਉਤੀ' ਪਦ ਤੋਂ ਭਾਵ ਸਾਫ਼ ਨਾਮ ਰੂਪੀ ਖੰਡੇ ਦਾ ਹੈ। ਤਿਸ ਨੂੰ ਕੋਈ ਮਨਮਤੀ ਕਾਂਟ ਛਾਂਟ ਕਰ ਕੇ ਆਪਣੇ ਨਿਜ ਘੜਤ ਪਦਾਂ ਵਿਚ ਨਹੀਂ ਬਦਲ ਸਕਦਾ, ਜੈਸੇ ਇਹ ਮਨਮਤੀ ਪਰਪੰਚ ਖੰਡੀ ਬਦਲਣ ਹੀ ਹਮਾਕਤ ਕਰਦੇ ਹਨ ਅਤੇ ਆਪਣੇ ਅਲਪੱਗ ਬੁਧੀ ਵਾਲੇ ਅਰਥਾਂ ਦੀ ਇਬਾਰਤ ਤਰੋੜ ਮਰੋੜ ਕੇ ਮਨ-ਘੜਤ ਅਰਦਾਸਾ ਬਣਾਉਂਦੇ ਹਨ। ਗੁਰਮਤਿ ਭਾਵ ਵਾਲੀ ਭਾਵਨਾ ਤੋਂ ਦੂਰ ਜਾ ਰਹੇ ਹਨ ਤੇ ਲੋਕਾਂ ਨੂੰ ਔਝੜ ਪਾ ਰਹੇ ਹਨ। ਸ੍ਰੀ ਦਸਮੇਸ਼ ਜੀ ਨੇ ਮੁੱਢਲੇ ਅਸੂਲਾਂ ਪਰ ਕੁਹਾੜਾ ਚਲਾ ਰਹੇ ਹਨ। ਅਸੀਂ ਇਸ ਅਰਦਾਸ ਦੀ ਤੱਤ ਗੁਰਮਤਿ ਮਾਹੀਯਤ ਸੰਬੰਧੀ ਫਿਰ ਵੀ ਲੇਖ ਲਿਖਾਂਗੇ ਤੇ ਲਿਖਦੇ ਰਹਾਂਗੇ।